**International Journal of Research**
*e-ISSN: 2348-6848 & p-ISSN 2348-795X Vol-5, Special Issue-9*
**International Seminar on Changing Trends in Historiography: A Global Perspective**
Held on 2nd February 2018 organized by **The Post Graduate Department of History. Dev Samaj College for Women, Ferozepur City, Punjab, India**

# ਫਤਿਹਪੁਰ ਸਿਕਰੀ ਦਾ ਜਿੰਦਾ ਇਤਿਹਾਸ

***Sandeep Kaur***

***Student, M.A. II, P. G Deptt of History, Dev Samaj College for Women, Ferozepur City,Punjab, India.***

**Abstract**

*ਅਕਬਰ (1556-1605) ਸਾਰੇ ਮੁਗਲ ਬਾਦਸ਼ਾਹਾਂ ਵਿੱਚੋ ਇੱਕ ਮਹੱਤਵਪੁਰਨ ਬਾਦਸ਼ਾਹ ਸੀ ਜਿਸਨੇ ਮੁਗਲ ਸਾਮਰਾਜ ਦਾ ਸਾਰੇ ਖੇਤਰਾਂ ਵਿੱਚ ਵਿਕਾਸ ਕੀਤਾ। ਓਹ ਇਕ ਮਹਾਨ ਬਾਦਸ਼ਾਹ ਸੀ ਜਿਸਨੇ ਆਪਣੇ ਸਮੇਂ ਵਿਚ ਬਹੁਤ ਸਾਰੀਆਂ ਜਿੱਤਾ ਪ੍ਰਾਪਤ ਕੀਤੀਆਂ ਅਤੇ ਮੁਗ਼ਲ ਸਾਮਰਾਜ ਦੇ ਵਿਸਥਾਰ ਲਈ ਕਈ ਪ੍ਰਣਾਲੀਆਂ ਸ਼ੁਰੂ ਕੀਤੀਆਂ । ਉਸ ਦੀਆਂ ਸਬ ਤੋਂ ਮਹਾਨ ਜਿਤਾ ਵਿਚੋਂ ਸਭ ਤੋ ਮੱਹਤਵਪੂਰਨ ਜਿੱਤ ਫਤਿਹਪੁਰ ਸਿਕਰੀ ਦੀ ਸੀ। 1561 ਈ. ਵਿਚ ਅਕਬਰ ਫਤਿਹਪੁਰ ਸਿਕਰੀ ਵਿਚ ਜਾ ਕੇ ਰਹਿਣ ਲੱਗਾ। ਫਤਿਹਪੁਰ ਸਿਕਰੀ ਨੂੰ ਅਕਬਰ ਨੇ ਸੁੰਦਰ ਭਵਨਾਂ ਨਾਲ ਵਸਾਇਆ । ਕਿਹਾ ਜਾਂਦਾ ਹੈ ਕਿ ਇੱਥੇ ਸ਼ੇਖ ਸਲੀਮ ਚਿਸ਼ਤੀ ਦਾ ਨਿਵਾਸ ਸੀ ਜਿਸਦੀ ਕਿਰਪਾ ਨਾਲ ਅਕਬਰ ਨੂੰ ਪੁੱਤਰ ਦੀ ਪ੍ਰਾਪਤੀ ਹੋਈ ਅਤੇ ਉਸ ਦਾ ਨਾਮ ਸ਼ੇਖ ਸਲੀਮ ਦੇ ਨਾਮ ਤੇ ਸਲੀਮ ਰੱਖ ਦਿੱਤਾ । ਸ਼ਿਲਪ ਕਲਾ ਦੀ ਸਭ ਤੋਂ ਵੱਡੀ ਸਫਲਤਾ ਅਕਬਰ ਦੀ ਨਵੀਂ ਰਾਜਧਾਨੀ ਫਤਿਹਪੁਰ ਸਿਕਰੀ ਦੀਆਂ ਇਮਾਰਤਾਂ ਸਨ ।*

**Main words: ਫਤਿਹਪੁਰ ਸਿਕਰੀ, ਇਮਾਰਤਾਂ, ਰਾਜਧਾਨੀ, ਬੁਲੰਦ ਦਰਵਾਜਾ, ਚਿਤੱਰਕਲਾ।**

## Introduction

ਅਕਬਰ ਦੇ ਕਾਲ ਵਿਚ ਕਲਾ ਦਾ ਬਹੁਤ ਵਿਕਾਸ ਹੋਇਆ। ਭਵਨ ਨਿਰਮਾਣ ਕਲਾ, ਚਿਤੱਰਕਲਾ ਅਤੇ ਸੰਗੀਤ ਕਲਾ ਦੇ ਖੇਤਰ ਵਿਚ ਵਿਸ਼ੇਸ਼ ਉਨੱਤੀ ਹੋਈ। ਆਗਰੇ ਦੇ ਨੇੜੇ ਅਕਬਰ ਨੇ ਫਤਿਹਪੁਰ ਸਿਕਰੀ ਨਾਂ ਦਾ ਨਵਾਂ-ਸ਼ਹਿਰ ਵਸਾਇਆਂ। ਇਸ ਨਗਰ ਵਿਚ ਬੁਲੰਦ-ਦਰਵਾਜਾਂ,ਪੰਚ ਮਹਿਲ, ਇਬਾਦਤ-ਖਾਨਾ,ਜਾਮਾ

ਪ੍ਰਦਰਸ਼ਿਤ ਹੁੰਦਾ ਹੈ। ਆਗਰੇ ਦਾ ਕਿਲਾਂ ਅਤੇ ਸਿੰਕਦਰਾਬਾਦ ਵਿਚ ਅਕਬਰ ਦਾ ਆਪਣਾ ਮਕਬਰਾ ਇਥੇ ਦੀਆਂ ਹੋਰ ਮੱਹਤਵਪੂਰਣ ਇਮਾਰਤਾਂ ਸਨ। ਸੰਗੀਤ ਦਾ ਬਾਦਸ਼ਾਹ ਅਕਬਰ ਨੂੰ ਵਿਸ਼ੇਸ਼ ਸ਼ੋਕ ਸੀ। ਤਾਨਸੇਨ, ਬੱਜੂ-ਬਾਵਰਾ ਆਦਿ ਅਕਬਰ ਦੇ ਰਾਜ ਦੇ ਪ੍ਰਸਿੱਧ ਸੰਗੀਤਕਾਰ ਸਨ। ਚਿਤੱਰਕਲਾ ਨੂੰ ਸਰਕਾਰ ਵਲੋਂ ਵਿਸ਼ੇਸ਼ ਸਹਾਇਤਾ ਦੇਣ ਦਾ ਪ੍ਰਬੰਧ ਸੀ ।[1] ਅਕਬਰ ਨੇ ਫਤਿਹਪੁਰ ਸਿਕਰੀ ਨੂੰ ਇਕ ਅਲੱਗ ਪਹਿਚਾਣ ਦਿੱਤੀ। ਉਸਨੇ ਫਤਿਹਪੁਰ ਸਿਕਰੀ ਨੂੰ ਆਪਣੀ ਰਾਜਧਾਨੀ ਬਣਾਇਆ ਅਤੇ ਇਸਦੇ ਚਾਰੇ ਪਾਸੇ ਦੀਵਾਰ ਬਣਾਉਣੀ ਸ਼ੁਰੂ ਕੀਤੀ । ਪਰ ਉਸ ਦਾ ਕੰਮ ਕਦੀ ਪੂਰਾ ਨਹੀ ਹੋਇਆ। ਸ਼ਾਹੀ ਮਹਿਲ ਅਤੇ ਸਰਕਾਰੀ ਇਮਾਰਤਾਂ ਬਣਾਈਆਂ ਗਈਆਂ । ਬਗੀਚੇ ਲਗਾਏ ਗਏ, ਲੋਕਾਂ ਨੇ ਆਪਣੇ-ਆਪਣੇ ਮਕਾਨ ਤਿਆਰ ਕਰਨੇ ਸ਼ੁਰੂ ਕਰ ਦਿੱਤੇ। ਗੁਜਰਾਤ ਦੀ ਜਿੱਤ ਤੋ ਬਾਅਦ ਉਸ ਨਗਰੀ  ਨਾਮ ਫਤਿਹਾਬਾਦ ਰੱਖਿਆ ਗਿਆ ਪਰ ਲੋਕਾਂ ਨੇ ਇਸ ਨੂੰ ਫਤਿਹਪੁਰ ਦੇ ਨਾਮ

1 S.P. Sabharwal, *ਮੱਧਕਾਲੀਨ ਭਾਰਤ ਦਾ ਇਤਿਹਾਸ (1995-96)*, K. Duggal & Edu. Publishers, Jalandhar, p. 290.

International Journal of Research
e-ISSN: 2348-6848 & p-ISSN 2348-795X Vol-5, Special Issue-9
International Seminar on Changing Trends in Historiography: A Global Perspective
Held on 2nd February 2018 organized by The Post Graduate Department of History. Dev Samaj College for Women, Ferozepur City, Punjab, India

ਨਾਲ ਸਵੀਕਾਰ ਕੀਤਾ। ਫਤਿਹਪੁਰ ਸਿਕਰੀ ਵਿਚ ਲਾਲ ਪੱਥਰ ਬਹੁਤ ਮਾਤਰਾਂ ਵਿਚ ਮਿਲਦਾ ਸੀ। ਇਮਾਰਤਾਂ ਨੂੰ ਬਣਾਉਣ ਦੇ ਲਈ ਲਾਲ ਪੱਥਰ ਦਾ ਜਿਆਦਾ ਇਸਤੇਮਾਲ ਕੀਤਾ ਗਿਆ । ਫਤਿਹਪੁਰ ਸਿਕਰੀ ਵਿਚ ਇਮਾਰਤਾਂ ਦਾ ਨਿਰਮਾਣ 1569 ਵਿਚ ਸ਼ੁਰੂ ਹੋਇਆ। ਇਸ ਦੇ ਦੋ ਸਾਲ ਬਾਅਦ ਅਕਬਰ ਨੇ ਇੱਥੇ ਰਹਿਣਾ ਸ਼ੁਰੂ ਕੀਤਾ । ਇਥੋਂ ਦੀਆਂ ਇਮਾਰਤਾਂ ਤੇ ਭਾਰਤੀ ਵਸਤੂਕਲਾ ਦਾ ਸਪੱਸ਼ਟ ਪ੍ਰਭਾਵ ਦਿਸੱਦਾ ਹੈ ।[2]

**Geography**

ਫਤਿਹਪੁਰ ਸਿਕਰੀ ਭਾਰਤ ਦੇ ਉੱਤਰ ਪ੍ਰਦੇਸ਼ ਰਾਜ ਦੇ ਆਗਰਾ ਜਿੱਲੇ ਵਿਚ ਸਥਿਤ ਹੈ। ਪ੍ਰਾਚੀਨ ਸਮੇਂ ਵਿਚ ਇਸ ਦਾ ਨਾਮ ਵਿਜੈਪੁਰ ਸਿਕਰੀ ਸੀ। ਪਰ 1569ਈ. ਵਿਚ ਇਸਨੂੰ ਮੁਗਲ ਬਾਦਸ਼ਾਹ ਅਕਬਰ ਨੇ ਜਿੱਤ ਲਿਆ ਸੀ ਅਤੇ ਇਸ ਨੂੰ 1571-1585 ਤੱਕ ਆਪਣੀ ਰਾਜਧਾਨੀ ਵਜੋਂ ਵਿਕਸਤ ਕੀਤਾ। ਉਸ ਨੇ ਇਸ ਨਵੇ ਸ਼ਹਿਰ ਦਾ ਨਾਮ ਫਤਿਹਾਬਾਦ ਰਖਿਆ । ਫਤਿਹ ਸਬਦ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸਦਾ ਅਰਥ ਹੈ ਜਿੱਤ ਪ੍ਰਾਪਤ ਕਰਨਾ । ਕੁਝ ਸਮੇ ਬਾਅਦ ਇਸਨੂੰ ਫਤਿਹਪੁਰ ਸਿਕਰੀ ਦਾ ਨਾਮ ਦਿੱਤਾ ਗਿਆ । ਫਤਿਹਪੁਰ ਸਿਕਰੀ ਵਿਚ ਹੀ ਅਕਬਰ ਨੇ ਆਪਣੇ ਗਵਰਨਰਾਂ ਨੂੰ ਦੱਸਿਆ ਸੀ ਕਿ ਭਾਰਤ ਦੀ ਮੁਗਲਕਾਲੀਨ ਕਲਾ ਦਾ ਇਕ ਸੁੰਦਰ ਉਦਹਾਰਣ ਫਤਿਹਪੁਰ ਸਿਕਰੀ ਹੈ ।[3]

ਭਾਰਤੀ ਇਤਿਹਾਸਕਾਰਾਂ ਦੇ ਅਨੁਸਾਰ ਅਕਬਰ ਨੂੰ ਫਤਿਹਪੁਰ ਸਿਕਰੀ ਬਣਾਉਦੇ ਸਮੇ ਕਾਫੀ ਰੁਚੀ ਸੀ ਉਸਨੇ ਸ਼ਹਿਰ ਦੀ ਨਵੀ ਜਗਾਂ ਨੂੰ ਆਪਣੀ ਮਰਜੀ ਅਤੇ ਦਿਲਚਸਪੀ ਨਾਲ ਸਜਾਇਆ ਸੀ। ਫਤਿਹਪੁਰ ਸਿਕਰੀ ਦੀ ਬੁਹਤ ਸਾਰੀਆਂ ਇਮਾਰਤਾਂ ਦਾ ਨਿਰਮਾਣ ਲਾਲ ਪਥੱਰਾ ਨਾਲ ਕੀਤਾ ਗਿਆ। ਅਕਬਰ ਦੁਆਰਾ ਬਣਾਏ ਸ਼ਾਹੀ ਮਹਿਲ ਦੀ ਵੀ ਕਲਾ ਦੇ ਖੇਤਰ ਵਿਚ ਵਿਸ਼ੇਸ ਮਹਤਤਾ ਹੈ । ਅਰੇਬਿਅਨ ਪੱਛਮ ਅਤੇ ਏਸ਼ਿਅਨ ਤਿੰਨਾ ਤਰ੍ਹਾਂ ਦੀ ਕਲਾ ਅਤੇ ਸੰਸਕ੍ਰਿਤ ਦਾ ਸਮਾਵੇਸ਼ ਉਸ ਨੇ ਆਪਣੇ ਮਹਿਲ ਵਿਚ ਕੀਤਾ ਹੈ। ਇਸ ਤਰ੍ਹਾਂ ਦੀ ਸੁੰਦਰ ਕਲਾ ਸ਼ਾਇਦ ਹੀ ਕਿਤੇ ਹੋਰ ਦੇਖਣ ਨੂੰ ਮਿਲੇ।[4]

**Architectural Features Of Fetehpur Sikri**

ਫਤਿਹਪੁਰ ਸਿਕਰੀ ਵਿਚ ਬਾਦਸ਼ਾਹ ਅਕਬਰ ਦੁਆਰਾ ਕਈ ਭਾਵਨਾ ਦਾ ਨਿਰਮਾਣ ਕਰਵਾਇਆ ਗਿਆ ਜਿਨਾਂ ਦਾ ਇਤਿਹਾਸ ਵਿਚ ਵਿਸ਼ੇਸ ਸਥਾਨ ਹੈ । ਇਹਨਾਂ ਭਵਨਾਂ ਦੇ ਨਿਰਮਾਣ ਲਈ ਇਕ ਵਖਰੀ ਪ੍ਰਕਾਰ ਦੀ ਸ਼ੈਲੀ ਦੀ ਵਰਤੋਂ ਕੀਤੀ ਗਈ ਹੈ ਜੋ ਕੇ ਮੁਗਲ ਕਾਲ ਦੇ ਇਤਿਹਾਸ ਵਿਚ ਵਿਸ਼ੇਸ ਸਥਾਨ ਰਖਦੀ ਹੈ। ਅਕਬਰ ਦੁਆਰਾ ਫਤਿਹਪੁਰ ਸਿਕਰੀਫ ਵਿਚ ਕਈ ਇਮਾਰਤਾਂ ਦਾ ਨਿਰਮਾਣ ਕਰਵਾਇਆ ਗਿਆ ।[5]

ਦੀਵਾਨ ਆਮ ਇਥੇ ਬਣਿਆ ਇਕ ਭਵਨ ਹੈ ਜਿਸ ਵਿਚ ਸਮਰਾਟ ਅਕਬਰ ਦੁਆਰਾ ਦਰਬਾਰ ਲਗਾਇਆ ਜਾਂਦਾ ਸੀ। ਦੀਵਾਨੇ-ਏ-ਖਾਸ ਇਕ ਵਰਗੀਕਾਰ ਇਮਾਰਤ ਹੈ ਇਸਦੇ ਅੰਦਰ ਇਕ ਡਾਟਦਾਰ ਭਵਨ ਹੈ ਜਿਸਦੇ ਚਾਰੇ ਪਾਸੇ ਬਰਾਮਦੇ ਹਨ ਜਿਨਾਂ ਦੇ ਉੱਪਰ ਜਾਣ ਦੇ ਲਈ ਪੋੜੀਆ ਬਣੀਆ ਹੋਈਆ ਸਨ। ਪੰਜ ਮਹਿਲ ਇਕ ਪੰਜ ਮੰਜਿਲਾ ਦੀ ਇਮਾਰਤ ਹੈ ਜੋ ਕਿ ਸਤੰਭਾ ਉੱਤੇ

2 ਉਮਪ੍ਰਕਾਸ਼ ਸਿੰਘ (1997), *ਮੱਧਕਾਲੀਨ ਭਾਰਤ*, ਕਿਤਾਬ ਮਹਿਲ, ਦਿੱਲੀ, ਪੰਨਾ-298

3 ਉਮਪ੍ਰਕਾਸ਼ ਸਿੰਘ (1997), *ਮੱਧਕਾਲੀਨ ਭਾਰਤ*, ਕਿਤਾਬ ਮਹਿਲ, ਦਿੱਲੀ, ਪੰਨਾ-299.

4 www BetleIndia.com. (Retrieved at 31 August 2017).

5 www BetleIndia.com. (Retrieved at 31 August 2017).

International Journal of Research
e-ISSN: 2348-6848 & p-ISSN 2348-795X Vol-5, Special Issue-9
International Seminar on Changing Trends in Historiography: A Global Perspective
Held on 2nd February 2018 organized by The Post Graduate Department of History. Dev Samaj College for Women, Ferozepur City, Punjab, India

ਖੜੀ ਕੀਤੀ ਗਈ ਹੈ ਇਸ ਦੀ ਪਹਿਲੀ ਮੰਜਿਲ ਇਕ ਵੱਡੇ ਹਾਲ ਦੀ ਤਰ੍ਹਾਂ ਬਣੀ ਹੈ ਅਤੇ ਹਰ ਮੰਜਿਲ ਆਪਣੀ ਪਹਿਲੀ ਮੰਜਿਲ ਤੋ ਛੋਟੀ ਹੁੰਦੀ ਗਈ ਹੈ ਇਨਾਂ ਇਮਾਰਤਾਂ ਤੇ ਜਾਣ ਦੇ ਲਈ ਪੋੜੀਆ ਬਣੀਆ ਹੋਈਆ ਸਨ। ਇਹ ਇਮਾਰਤਾਂ 176 ਖੰਭਿਆਂ ਤੇ ਖੜੀ ਹੈ। ਹਰੇਕ ਖੰਭੇ ਉੱਤੇ ਅਲੱਗ-ਅਲੱਗ ਕਲਾ ਦੇਖਣ ਨੂੰ ਮਿਲਦੀ ਹੈ ਨਾਲ ਹੀ ਹਰ ਖੰਭੇ ਉੱਤੇ ਬਣਿਆਂ ਹਰੇਕ ਮੰਜਿਲ ਦਾ ਕਮਰਾ ਥੱਲੇ ਵਾਲੀ ਇਮਾਰਤ ਦੇ ਕਮਰੇ ਤੋ ਛੋਟਾ ਹੈ। ਇਸਦਾ ਪ੍ਰਯੋਗ ਸ਼ਾਹੀ ਹਰਮ ਵਿਚ ਰਹਿਣ ਵਾਲੀਆਂ ਇਸਤਰੀਆਂ ਦੇ ਵਿਲਾਸ ਅਤੇ ਮੰਨੋਰਜਨ ਦੇ ਲਈ ਕੀਤਾ ਜਾਂਦਾ ਸੀ। ਸਾਰੇ ਭਵਨਾਂ ਵਿਚੋਂ ਰਾਣੀ ਜੋਧਾ ਭਾਈ ਦਾ ਮਹਿਲ ਮਹੱਤਵਪੂਰਣ ਹੈ। ਇਹ ਮਹਿਲ ਚਾਰਾ ਪਾਸਿਆਂ ਤੋਂ ਦੀਵਾਰਾਂ ਨਾਲ ਘਿਰਿਆਂ ਹੋਇਆ ਹੈ। ਜਿਸ ਵਿੱਚ ਪ੍ਰਵੇਸ਼ ਕਰਨ ਲਈ ਇਕ ਦਰਵਾਜਾ ਹੈ। ਇਸ ਭਵਨ ਵਿੱਚ ਮੁਗਲਾਂ ਦੇ ਅਧੀਨ ਪ੍ਰਚਲਿਤ ਪਰਦਾ-ਪ੍ਰਥਾ ਦਾ ਪਤਾ ਲਗਦਾ ਹੈ। ਜੋਧਾ ਭਾਈ ਮਹਿਲ ਦੀ ਬਨਾਵਟ ਪੂਰੀ ਤਰਾਂ ਨਾਲ ਹਿੰਦੂ ਇਤਿਹਾਸ ਨੂੰ ਪ੍ਰਗਟ ਕਰਦੀ ਹੈ। ਇਹ ਇੱਕ ਦੂਜੀ ਮੰਜਿਲ ਇਮਾਰਤ ਹੈ। ਇਸਦੀਆਂ ਦੀਵਾਰਾਂ ਉੱਤੇ ਬੜੀ ਸੁੰਦਰ ਚਿੱਤਰਕਾਰੀ ਕੀਤੀ ਗਈ ਹੈ। ਇਸ ਨੂੰ ਰੰਗਾਂ ਵਿਚ ਪਸ਼ੂਆਂ ਅਤੇ ਦੇਵੀ ਦੇਵਤਿਆਂ ਦੇ ਚਿੱਤਰ, ਸ਼ਿਕਾਰ, ਯੁੱਧ ਦੇ ਸਮੇਂ ਅਤੇ ਹਾਥੀਆਂ ਦੀ ਲੜਾਈ ਦੇ ਚਿੱਤਰ ਬਣਾਏ ਗਏ ਹਨ। ਤੁਰਕੀ ਸੁਲਤਾਨਾਂ ਦੀ ਕੋਠੀ ਇੱਕ ਮੰਜ਼ਿਲ ਕੋਠੀ ਹੈ। ਇਸ ਵਿੱਚ ਖੁਦਾਈ ਦਾ ਕੰਮ ਕਲਾਤਮਕ ਹੈ। ਇਨਾਂ ਵਿਚ ਬਣੇ ਚਿੱਤਰ ਹਿੰਦੂ ਕਲਾ ਅਤੇ ਜੈਨ ਸ਼ੈਲੀਆਂ ਨੂੰ ਦਰਸਾਉਂਦੇ ਹਨ।[6]

**Other Important Buildings Of Fatehpur Sikri**

ਜਾਮਾ ਮਸਜਿਦ, ਬੁਲੰਦ ਦਰਵਾਜ਼ਾ ਅਤੇ ਸ਼ੇਖਸਲੀਮ ਚਿਸ਼ਤੀ ਦਾ ਮਕਬਰਾ ਆਦਿ ਹੋਰ ਇਤਿਹਾਸਿਕ ਇਮਾਰਤਾਂ ਫਤਿਹਪੁਰ ਸਿਕਰੀ ਦੀਆਂ ਸੋਭਾ ਵਧਾਉਦੀਆਂ ਹਨ। ਜਾਮਾ ਮਸਜਿਦ ਇਕ ਵੱਡਾ ਭਵਨ ਹੈ ਜੋ ਕ ਮੁਗਲ ਕਾਲ ਦੇ ਭਵਨ ਨਿਰਮਾਣ ਕਲਾ ਦੀ ਮਹਤਵਪੂਰਣ ਵਿਸ਼ੇਸਤਾ ਹੈ। ਇਸ ਮਸਜਿਦ ਦੇ ਦੱਖਣ ਵਿਚ ਬਣਿਆ ਬੁਲੰਦ ਦਰਵਾਜਾ ਭਾਰਤ ਦਾ ਸਭ ਤੋਂ ਉੱਚਾ ਦਰਵਾਜਾ ਹੈ। ਸੰਗਮਰਮਰ ਅਤੇ ਲਾਲ ਪੱਥਰਾਂ ਦੇ ਬਣੇ ਹੋਏ ਇਸ ਦਰਵਾਜੇ ਵਿਚ ਸ਼ਿਲਪਕਲਾ ਦਾ ਖਾਸ ਨਮੂਨਾ ਦਿਖਾਈ ਦਿੰਦਾ ਹੈ। ਬੁਲੰਦ ਦਰਵਾਜ਼ੇ ਦੀ ਉੱਚਾਈ 134 ਫੁੱਟ ਹੈ। ਬੁਲੰਦ ਦਰਵਾਜ਼ੇ ਉੱਤੇ ਬਣਿਆਂ ਪਾਰਸੀ ਸ਼ਿਲਾਲੇਖ ਅਕਬਰ ਦੇ ਖੁੱਲੇ ਵਿਚਾਰਾਂ ਨੂੰ ਦਰਸਾਉਂਦਾ ਹੈ।[7] ਪਰ ਇਤਿਹਾਸਕਾਰਾਂ ਦੁਆਰਾਂ ਅਕਸਰ ਹੀ ਇਹ ਪਰੰਪਰਾ ਅਤੇ ਸੰਸਕ੍ਰਿਤ ਦੇ ਉਦਾਹਰਨ ਦੇ ਰੂਪ ਵਿਚ ਪ੍ਰਯੋਗ ਕੀਤਾ ਜਾਂਦਾ ਹੈ। 1601 ਈ. ਵਿਚ ਗੁਜਰਾਤ ਉੱਤੇ ਅਕਬਰ ਦੀ ਜਿੱਤ ਨੂੰ ਬੁਲੰਦ ਦਰਵਾਜ਼ੇ ਉੱਤੇ ਉਕਾਰਿਆਂ ਗਿਆ ਹੈ। ਬੁਲੰਦ ਦਰਵਾਜਾ ਲਾਲ ਪੱਥਰਾ ਨਾਲ ਬਣਿਆ ਹੈ। ਜਿਸਦੇ ਅੰਦੂਰਨੀ ਹਿੱਸੇ ਵਿੱਚ ਸਫੈਦ ਅਤੇ ਕਾਲੇ ਸੰਗਮਰਮਰ ਦੀ ਨਕਾਸ਼ੀ ਹੈ। ਇਸ ਉੱਪਰ ਖੰਭੇ ਬਣੇ ਹਨ। ਬੁਲੰਦ ਦਰਵਾਜਾ ਫਤਿਹਪੁਰ ਸਿਕਰੀ ਵਿਚ ਮੁਗਲ ਬਾਦਸ਼ਾਹ ਅਕਬਰ ਦੁਆਰਾ ਬਣਾਈਆਂ ਗਈਆਂ ਖਾਸ ਇਮਾਰਤਾਂ ਵਿਚੋ ਇਕ ਸੀ ਅਤੇ ਭਵਨ ਨਿਰਮਾਣ ਕਲਾ ਦੇ ਖੇਤਰ ਵਿਚ ਇਸ ਇਮਾਰਤ ਦਾ ਖਾਸ ਮਹੱਤਵ ਹੈ।

ਜਾਮਾ ਮਸਜਿਦ ਦੇ ਵਿਸ਼ਾਲ ਵਿਹੜੇ ਵਿਚ ਸ਼ੇਖ ਸਲੀਮ ਚਿਸ਼ਤੀ ਦਾ ਮਕਬਰਾ ਹੈ। ਇਹ ਸੰਗਮਰਮਰ ਦਾ ਬਣਿਆ ਹੋਇਆ ਹੈ। ਆਰੰਭ ਵਿਚ ਇਹ ਲਾਲ ਪੱਥਰਾ ਦਾ ਬਣਿਆ ਹੋਇਆ ਸੀ। ਸ਼ੇਖ ਸਲੀਮ ਦੀ ਮੌਤ 1572 ਈ. ਵਿਚ ਹੋਈ। ਇਸਦੇ ਬਾਅਦ ਦੇ

6 ਪਿਊਸ਼ ਚੌਹਾਨ, *ਮੱਧਕਾਲੀਨ ਭਾਰਤ ਦਾ ਸਮਾਜਿਕ ਰਾਜਨੈਤਿਕ ਤੇ ਸੰਸਕ੍ਰਿਤਕ ਇਤਿਹਾਸ,* ਨਵੀ ਦਿੱਲੀ, 2012, ਪੰਨਾ-253.

7 ਪਿਊਸ਼ ਚੌਹਾਨ, *ਮੱਧਕਾਲੀਨ ਭਾਰਤ ਦਾ ਸਮਾਜਿਕ ਰਾਜਨੈਤਿਕ ਤੇ ਸੰਸਕ੍ਰਿਤਕ ਇਤਿਹਾਸ,* ਪੰਨਾ-255..

International Journal of Research
e-ISSN: 2348-6848 & p-ISSN 2348-795X Vol-5, Special Issue-9
International Seminar on Changing Trends in Historiography: A Global Perspective
Held on 2nd February 2018 organized by The Post Graduate Department of History. Dev Samaj College for Women, Ferozepur City, Punjab, India

ਸਾਲਾਂ ਵਿਚ ਇਹ ਇਮਾਰਤ ਬਣਾਈ ਗਈ। ਪ੍ਰੰਤੂ ਜਹਾਂਗੀਰ ਅਤੇ ਸ਼ਾਹਜਹਾਂ ਦੇ ਸ਼ਾਸਨ ਕਾਲ ਵਿਚ ਇਸ ਦੇ ਪ੍ਰਾਚੀਨ ਆਕਾਰ ਨੂੰ ਉਸ ਤਰਾਂ ਹੀ ਰੱਖਿਆ ਗਿਆ। ਮਜਾਰ ਦੀ ਬਨਾਵਟ ਮੁਸਲਿਮ ਨਹੀ ਹਿੰਦੂ ਹੈ। ਜੋ ਅਕਬਰ ਦੀ ਇਮਾਰਤ ਦੇ ਲਈ ਸੁਭਾਵਿਕ ਹੈ। ਜਹਾਂਗੀਰ ਦੇ ਕਥਨ ਅਨੁਸਾਰ ਸਾਰੀ ਮਸਜਿਦ ਨੂੰ ਬਣਾਉਣ ਤੇ ਪੰਜ ਲੱਖ ਰੁਪਏ ਲੱਗੇ ਸਨ। ਅਕਬਰ ਨੇ ਆਪਣੀ ਸਮਾਧ ਲਾਲ ਪੱਥਰਾਂ ਦੀ ਬਣਾਈ ਹੈ। ਜਿਸ ਵਿਚ ਸੰਗਮਰਮਰ ਦਾ ਕੰਮ ਮੁਗਲ ਬਾਦਸ਼ਾਹ ਜਹਾਂਗੀਰ ਨੇ (1605-1627) ਵਿਚ ਕੀਤਾ ਜਾਮਾ ਮਸਜਿਦ ਲਾਲ ਕਿਲੇ ਦੇ ਬਾਹਰ ਸ਼ਾਹਜਹਾਂ ਨੇ ਭਾਰਤ ਦੀ ਸਭ ਤੋਂ ਵੱਡੀ ਮਸਜਿਦ ਦਾ ਨਿਰਮਾਣ ਕਰਵਾਇਆ। ਇਸਦੇ ਨਿਰਮਾਣ ਵਿਚ ਦਸ ਲੱਖ ਰੁਪਏ ਦਾ ਖਰਚਾ ਹੋਇਆ ਸੀ । ਇਹ ਇਮਾਰਤ ਉੱਚੀ ਕੁਰਸੀ ਨਿਰਮਿਤ ਹੈ। ਇਸਦੀਆਂ ਤਿੰਨੇ ਉੱਚੀਆਂ ਇਮਾਰਤਾਂ ਇਸ ਨੂੰ ਹੋਰ ਪ੍ਰਭਾਵਸ਼ਾਲੀ ਬਣਾਦੀਆਂ ਹਨ ।[8] ਬੁਲੰਦ ਦਰਵਾਜੇ ਵਿਚ ਕੀਤੀ ਗਈ ਸੰਗਮਰਮਰ ਦੀ ਸਜਾਵਟ ਬਹੁਤ ਸੁੰਦਰ ਹੈ। ਇਹ ਬਹੁਤ ਭਾਰੀ ਅਤੇ ਬਨਾਵਟੀ ਨਹੀ ਹੈ। ਇਸ ਤੋ ਪਤਾ ਲਗਦਾ ਹੈ ਕਿ ਅਕਬਰ ਨੇ ਇਸਦੇ ਨਿਰਮਾਣ ਦਾ ਕੰਮ ਉਨਾਂ ਕਾਰੀਗਰਾਂ ਨੂੰ ਦਿੱਤਾ ਜਿੰਨਾ ਨੇ ਹਮਾਯੂੰ ਦਾ ਮਕਬਰਾ ਬਣਾਇਆ ਸੀ । ਦਰਵਾਜੇ ਦੇ ਪਿਛਲੇ ਪਾਸੇ ਜਾਦੇ ਸਮੇ ਸਧਾਰਨ ਪੱਥਰਾਂ ਦੀ ਚਿਨਾਈ ਕੀਤੀ ਗਈ ਹੈ ਜੋ ਬਹੁਤ ਦੂਰ ਤਕ ਪਹੁੰਚਦੀ ਹੈ। ਇਸ ਤੋ ਇਲਾਵਾ ਆਗਰਾ ਦੇ ਕਿਲੇ ਵਿਚ ਅਕਬਰ ਨੇ ਕਈ ਮਸਜਿਦਾਂ ਦਾ ਨਿਰਮਾਣ ਕਰਵਾਇਆ। ਇਸ ਵਿਚ ਸਭ ਤੋ ਮਹੱਤਵਪੂਰਨ ਮੋਤੀ ਮਸਜਿਦ ਹੈ। ਇਹ ਇਮਾਰਤ ਬਹੁਤ ਸੁੰਦਰ ਤਰੀਕੇ ਨਾਲ ਬਣਾਈ ਗਈ ਹੈ ਅਤੇ ਇਹ ਮੁਗਲ ਕਾਲ ਦੀ ਕਲਾ ਦਾ ਸਭ ਤੋਂ ਉੱਤਮ ਨਮੂਨਾ ਹੈ । ਅਕਬਰੀ ਮਹਿਲ ਜਹਾਗੀਰ ਮਹਿਲ ਦੇ ਕੋਲ ਬਣਇਆ ਹੈ। ਪਰ ਇਸ ਦੀ ਨਿਰਮਾਣ ਯੋਜਨਾ ਨੂੰ ਸਮਝਿਆ ਜਾ ਸਕਦਾ ਹੈ। ਅਤੇ ਇਹ ਡਿੱਗਣ ਵਾਲੀ ਅਵਸਥਾ ਵਿੱਚ ਹੈ। ਇਹ ਜਹਾਗੀਰ ਮਹਿਲ ਦੇ ਸਮਾਨ ਹੀ ਬਣਾਇਆ ਗਿਆ ਹੈ। ਪ੍ਰੰਤੂ ਸਜਾਵਟ ਘੱਟ ਕੀਤੀ ਗਈ ਹੈ। ਇਹ ਇਮਾਰਤ ਦੋ ਮੰਜਿਲ ਦੀ ਸੀ ਅਤੇ ਬੰਗਾਲੀ ਬੁਰਜ ਦੇ ਸਮਾਨ ਸਜਾਇਆ ਗਿਆ ਸੀ।[9]

**ਇੱਬਾ ਕੋਚ** (Ebbakoch) ਨੇ ਸਿਕਰੀ ਦੇ ਭਵਨ-ਨਿਰਮਾਣ ਕਲਾ ਮੁੱਖ ਰੂਪ ਵਿਚ ਤਿੰਨ ਤਰ੍ਹਾਂ ਦੇ ਪ੍ਰਭਾਵਾ ਬਾਰੇ ਜਾਣਕਾਰੀ ਦਿਤੀ ਜੋ ਠੀਕ ਹੈ। ਜੋਧਾ ਭਾਈ ਅਤੇ ਬੀਰਬਲ ਦੇ ਮਹਿਲ ਦੇ ਸਥਾਪਨਾ ਦੇ ਨਮੂਨੇ ਅਤੇ ਸਜਾਵਟ ਉੱਤੇ ਗੁਜਰਾਤ ਅਤੇ ਮਾਲਵਾ ਦੀ ਪ੍ਰੰਪਰਾ ਦਾ ਪ੍ਰਭਾਵ ਦਿਖਾਈ ਦਿੰਦਾ ਹੈ। ਦੂਸਰਾ ਪ੍ਰਭਾਵ ਦਿੱਲੀ ਸਲਤਨਤ ਖਿਲਜੀ ਅਤੇ ਇਲਬਾਰੀ ਤੁਰਕ ਪਰੰਪਰਾ ਦਾ ਪਤਾ ਲਗਦਾ ਹੈ। ਜਿਸ ਵਿਚ ਸਜਾਵਟ ਦੇ ਲਈ ਬਲੂਵਾ ਪਥੱਰ ਦਾ ਪ੍ਰਯੋਗ ਕੀਤਾ ਜਾਦਾ ਸੀ। ਅੰਤ ਕੋਚ ਦਾ ਇਹ ਮੰਨਣਾ ਹੈ ਕਿ ਤੁਰਕੀ ਸੁਲਤਾਨਾ ਦੇ ਘਰ ਦੀ ਛੱਤਾ ਦੀ ਸਥਾਪਨਾ ਉੱਤੇ ਸ਼ੀਸ਼ਮ ਲਕੜੀ ਦਾ ਪ੍ਰਭਾਵ ਹੈ।[10]

## Conclusion

ਸਿੱਟੇ ਵਜੋਂ ਅਸੀ ਕਹਿ ਸਕਦੇ ਹਾਂ ਕਿ ਅਕਬਰ ਨੇ ਆਪਣੇ ਸ਼ਾਸਨ ਕਾਲ ਵਿਚ ਕਲਾ ਅਤੇ ਭਵਨ ਨਿਰਮਾਣ ਕਲਾ ਦਾ ਬਹੁਤ ਵਿਕਾਸ ਕੀਤਾ। ਅਕਬਰ ਦੇ ਸਮੇ ਵਸਤੂਕਲਾ ਦਾ ਵਿਕਾਸ ਹਿੰਦੂ ਸ਼ੈਲੀ ਦੇ ਅਕਾਰਾਂ, ਧਾਰਮਿਕ ਸੰਕੇਤਾ ਅਤੇ ਵਿਸ਼ੇਸ਼ਤਾਵਾ ਤੋ ਪ੍ਰਭਾਵਿਤ ਹੋਇਆ । ਅਕਬਰ ਦੀਆਂ ਸਾਰੀਆਂ ਇਮਾਰਤਾਂ ਵਿਚ ਹਿੰਦੂ ਸ਼ੈਲੀ ਦਾ ਪ੍ਰਭਾਵ ਜਰੂਰ ਦੇਖਣ ਨੂੰ ਮਿਲਦਾ ਹੈ। ਇਸ ਵਿਚ

8 ਪਿਊਸ਼ ਚੌਹਾਨ, *ਮੱਧਕਾਲੀਨ ਭਾਰਤ ਦਾ ਸਮਾਜਿਕ ਰਾਜਨੈਤਿਕ ਤੇ ਸੰਸਕ੍ਰਿਤਕ ਇਤਿਹਾਸ,* ਪੰਨਾ-255.

9 ਪਿਊਸ਼ ਚੌਹਾਨ, *ਮੱਧਕਾਲੀਨ ਭਾਰਤ ਦਾ ਸਮਾਜਿਕ ਰਾਜਨੈਤਿਕ ਤੇ ਸੰਸਕ੍ਰਿਤਕ ਇਤਿਹਾਸ,* ਪੰਨਾ-260.

10 ਹਰੀਸ਼ਚੰਦਰ ਵਰਮਾ, *ਮੱਧਕਾਲੀਨ ਭਾਰਤ,* , ਪੰਨਾ-503.

International Journal of Research
e-ISSN: 2348-6848 & p-ISSN 2348-795X Vol-5, Special Issue-9
International Seminar on Changing Trends in Historiography: A Global Perspective
Held on 2nd February 2018 organized by The Post Graduate Department of History. Dev Samaj College for Women, Ferozepur City, Punjab, India

ਜਿਸ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਉਹ ਰਾਜਨੀਤਿਕ ਅਤੇ ਸੰਸਕ੍ਰਿਤਕ ਹੈ। ਅਕਬਰ ਨੇ ਫਤਿਹਪੁਰ ਸਿਕਰੀ ਨੂੰ ਇਕ ਅਲੱਗ ਪਹਿਚਾਣ ਦਿੱਤੀ । ਚਿਤੱਰਕਲਾ ਨੂੰ ਸਰਕਾਰ ਵਲੋ ਵਿਸ਼ੇਸ਼ ਸਹਾਇਤਾ ਦੇਣ ਦਾ ਪ੍ਰਬੰਧ ਸੀ । ਅਕਬਰ ਨੇ ਆਪਣੇ ਸਮੇ ਵਿਚ ਬਹੁਤ ਸਾਰੀਆਂ ਇਮਾਰਤਾਂ ਫਤਿਹਪੁਰ ਸਿਕਰੀ ਵਿੱਚ ਬਣਵਾਈਆਂ । ਇਨਾ ਇਮਾਰਤਾਂ ਦਾ ਆਪਣਾ-ਆਪਣਾ ਇਤਿਹਾਸਿਕ ਮਹੱਤਵ ਹੈ। ਅਕਬਰ ਦੇ ਕਾਲ ਦੇ ਦੌਰਾਨ ਜਿਆਦਾ ਤਰ ਭਵਨ -ਨਿਰਮਾਣ ਕਲਾ ਵਿੱਚ ਲਾਲ ਪੱਥਰ ਦਾ ਪ੍ਰਯੋਗ ਕੀਤਾ ਜਾਂਦਾਂ ਸੀ।

## REFERENCES


1 ਚੌਹਾਨ, ਪੀਊਸ਼ (2012), *ਮੱਧਕਾਲੀਨ ਭਾਰਤ ਸਮਾਜਿਕ ਰਾਜਨੈਤਿਕ ਅਤੇ ਸੰਸਕ੍ਰਿਤ ਇਤਿਹਾਸ,* ਨਵੀ ਦਿੱਲੀ: ਡਾਰਲਿੰਗ ਕਿੰਡਰਸਲੇ।

2 ਗੁਪਤ, ਡਾ. ਪਰਮੇਸ਼ਵਰੀਲਾਲ (1981), *ਭਾਰਤੀ ਵਸਤੂ ਕਲਾ*, ਵਾਰਾਣਸੀ, ਵਿਸ਼ਵਵਿਦਿਆਲਾ ਪ੍ਰਕਾਸ਼ਨ।

3 ਪਾਡੇ , ਅਵਧ ਬਿਹਾਰੀ (2012), *ਉਤਰ ਮੱਧਕਾਲੀਨ ਭਾਰਤ*, ਦਿੱਲੀ: ਸੁਰਜੀਤ ਪਬਲੀਕੇਸ਼ਨ.

4 ਸਿਨਹਾ, ਡਾ. ਵਿਪਿਨ ਬਿਹਾਰੀ (2009), *ਮੁਗਲ ਭਾਰਤ*, ਨਵੀ ਦਿੱਲੀ, ਸ੍ਰੀ ਮਤੀ ਐਸ.ਚੌਧਰੀ ।

5 ਸਬਰਵਾਲ, ਐਸ.ਪੀ (1995), *ਮੱਧਕਾਲੀਨ ਭਾਰਤ ਦਾ ਇਤਿਹਸ*, ਜਲੰਧਰ, ਕੇ ,ਦੁਗਲ ਅਤੇ ਐਜੁਕੇਸ਼ਨ ਪਬਲੀਸ਼ੀਅਰ।

6 ਸਿੰਘ, ਡਾ. ਓਮਪ੍ਰਕਾਸ਼ (1997), *ਮਧੱਕਾਲੀਨ ਭਾਰਤ*, ਦਿੱਲੀ, ਕਿਤਾਬ ਮਹਲ।

7 ਸੰਕ੍ਰਿਤਯਾਤਨ ,ਰਾਹੁਲ(1997), *ਅਕਬਰ*, ਇਲਾਹਾਬਾਦ : ਸਰੋਜਨੀ ਨਾਇਡੂ ਮਾਰਗ

8 ਵਰਮਾ, ਹਰੀਸ਼ਚੰਦਰ (2012), *ਮੱਧਕਾਲੀਨ ਭਾਰਤ*, ਦਿੱਲੀ : ਹਿੰਦੀ ਮਾਧਿਅਮ।